**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਐਸ.ਸੀ.ਓ. - 104-106, ਸੈਕਟਰ 34 - ਏ, ਚੰਡੀਗੜ।**

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.),
2. ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ.),

ਮੀਮੋ ਨੰ.: 2010/ਸਸਅ/ਕੋਆਰਡੀਨੇਸ਼ਨ/52324
ਮਿਤੀ : 12.08.2010

**ਵਿਸ਼ਾ: ਸਰਕਾਰੀ ਕਰਮਚਾਰੀਆਂ ਨੂੰ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਪ੍ਰਵਾਨਗੀ ਲੈਣ ਸਬੰਧੀ।**

1.0 ਸਾਇੰਸ ਟੀਚਰਸ ਐਸੋਸੀਏਸ਼ਨ (ਰਜਿਸਟਰਡ) ਪੰਜਾਬ ਵੱਲੋਂ ਮਿਤੀ 16.07.2010 ਨੂੰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਦੱਸਿਆ ਗਿਆ ਹੈ ਕਿ ਅਧਿਆਪਕਾਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਾਸਤੇ ਪ੍ਰਵਾਨਗੀ ਲੈਣ ਲਈ ਬਹੁਤ ਔਕੜਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹਨਾਂ ਨੇ ਮੰਗ ਕੀਤੀ ਕਿ ਸਰਕਾਰ ਵੱਲੋਂ ਕਰਮਚਾਰੀਆਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਦੇਣ ਵਾਲੀ ਅਗਿਆ ਦੇ ਅਧਿਕਾਰ ਦਫਤਰ ਮੁੱਖੀ(ਡਰਾਇੰਗ ਅਤੇ ਡਿਬਰਸਿੰਗ ਅਫਸਰਾਂ) ਦੀ ਪੱਧਰ ਤੇ ਦਿੱਤੇ ਜਾਣ।

2.0 ਇਸ ਸਬੰਧ ਵਿੱਚ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਵੱਲੋਂ ਪੱਤਰ ਨੰ: 13987-5.ਜੀ.ਐਸ.-61/43369 ਮਿਤੀ 04-12-1961 ਅਤੇ ਪੱਤਰ ਨੰ: 1149-ਐਸ-ਜੀ(3)-70 ਮਿਤੀ 18.02.1970(ਕਾਪੀ ਨੱਥੀ) ਵੱਲ ਦਿਵਾਇਆ ਜਾਂਦਾ ਹੈ ਜਿਹਨਾਂ ਰਾਹੀ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਆਗਿਆ ਆਮ ਤੌਰ ਤੇ ਸਾਰੇ ਕਰਮਚਾਰੀਆਂ ਨੂੰ ਦੇਣੀ ਚਾਹੀਦੀ ਹੈ ਕਿਉਂਕਿ ਉਚੇਰੀ ਸਿੱਖਿਆ ਹਾਸਲ ਕਰਨਾ ਹਮੇਸ਼ਾ ਦ੍ਰਿਸਟੀਕੋਣ ਅਤੇ ਕਾਰਜ਼ਕੁਸ਼ਲਤਾ ਲਈ ਲਾਭਦਾਇਕ ਹੈ।

3.0 ਸਰਕਾਰ ਦੀਆਂ ਉਪਰੋਕਤ ਦੱਸੀਆਂ ਹਦਾਇਤਾਂ ਵਿੱਚ ਅਜਿਹੀ ਆਗਿਆ ਦੇਣ ਵਾਸਤੇ ਕੋਈ ਸਪੈਸਫਿਕ ਸਮਰੱਥ ਅਧਿਕਾਰੀ ਨਹੀਂ ਨਿਸ਼ਚਿਤ ਕੀਤਾ ਹੋਇਆ ਇਸ ਲਈ ਅਜਿਹੀ ਆਗਿਆ ਦਫਤਰ ਦੇ ਮੁੱਖੀ ਜੋ ਕਿ ਆਪਣੀ ਸੰਸਥਾ/ਦਫਤਰ ਦੇ ਪ੍ਰਸ਼ਾਸ਼ਨ ਪ੍ਰਬੰਧ ਲਈ ਜਿੰਮੇਵਾਰ ਹੈ ਦੀ ਪੱਧਰ ਤੇ ਦਿੱਤੀ ਜਾ ਸਕਦੀ ਹੈ।

4.0 ਇਹ ਸਪਸ਼ਟੀਕਰਨ ਹਰ ਸਬੰਧਤ ਅਧਿਕਾਰੀ/ ਕਰਮਚਾਰੀ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ ਤਾਂ ਕਿ ਸਰਕਾਰੀ ਕਰਮਚਾਰੀਆਂ ਨੂੰ ਉਚੇਰੀ ਵਿੱਦਿਆ ਹਾਸਲ ਕਰਨ ਲਈ ਸਬੰਧਤ ਅਧਿਕਾਰੀ ਵੀ ਪ੍ਰਵਾਨਗੀ ਲੈਣ ਵਿੱਚ ਕੋਈ ਔਕੜ ਪੇਸ਼ ਨਾ ਆਵੇ।

5.0 ਇਹ ਪ੍ਰਮੁੱਖ ਸਕੱਤਰ ਸਿੱਖਿਆ ਜੀ ਦੇ ਅੰ:ਵਿ:ਪੱ: ਨੰ.: 3031 ਮਿਤੀ 06-08-2010 ਰਾਹੀਂ ਦਿੱਤੀ ਪ੍ਰਵਾਨਗੀ ਜਾਰੀ ਕੀਤਾ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ

ਪਿੱਠ ਅੰਕਣ ਨੰ: 2010/ਸਸਅ/ਕੋਆਰਡੀਨੇਸ਼ਨ/52325 ਮਿਤੀ : 12.08.2010

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਡਾਇਰੈਕਟਰ ਸਿੱਖਿਆ ਵਿਭਾਗ, (ਸੈ.ਸਿ.)
2 ਡਾਇਰੈਕਟਰ ਸਿੱਖਿਆ ਵਿਭਾਗ, (ਸੈ.ਸਿ.)
3 ਮੰਡਲ ਸਿੱਖਿਆ ਅਫਸਰ, ਨਾਭ, ਜਲੰਧਰ, ਫਰੀਦਕੋਟ।